# ਜਮਾਤ ਅੱਠਵੀਂ ਸੈਸ਼ਨ 2021-22

# ਪਾਠ 3 - ਸੂਚਨਾ ਟੈਕਨਾਲੋਜੀ ਨਾਲ ਜਾਣ ਪਹਿਚਾਣ

## ਖਾਲੀ ਥਾਂਵਾਂ ਭਰੋ

1) ........ ਦਾ ਮਤਲਬ ਹੈ ਕਿ ਕੰਪਿਊਟਰ ਇੰਟਰਨੈੱਟ ਤੋਂ ਡਾਟਾ ਪ੍ਰਾਪਤ ਕਰ ਰਿਹਾ ਹੈ।

ੳ) ਅਪਲੋਡਿੰਗ    ਅ) ਡਾਊਨਲੋਡਿੰਗ

ੲ) ਸਰਫਿੰਗ    ਸ) ਇਹਨਾਂ ਵਿੱਚੋਂ ਕੋਈ ਨਹੀ

2) ਵੈੱਬ ਸਾਈਟ ਨੂੰ ਖੋਲ੍ਹਣ ਸਮੇਂ ਉਸ ਵੈੱਬ ਸਾਈਟ ਦਾ ਜ਼ੋ ਸਭ ਤੋਂ ਪਹਿਲਾ ਵੈੱਬ ਪੇਜ ਖੁੱਲਦਾ ਹੈ, ਉਸ ਨੂੰ ........ ਕਿਹਾ ਜਾਂਦਾ ਹੈ।

ੳ) ਹੋਮ ਪੇਜ    ਅ) ਵੈੱਬ ਪੇਜ

ੲ) ਮੇਨ ਪੇਜ    ਸ) ਇਹਨਾਂ ਵਿੱਚੋਂ ਕੋਈ ਨਹੀ

3) ........ ਦਾ ਅਰਥ ਹੈ, ਇੰਟਰਨੈੱਟ ਨਾਲ ਜੁੜੇ ਹੋਣਾ।

ੳ) ਆਫ ਲਾਈਨ    ਅ) ਆਨ ਲਾਈਨ

ੲ) ਇਨ ਲਾਈਨ    ਸ) ਇਹਨਾਂ ਵਿੱਚੋਂ ਕੋਈ ਨਹੀ

4) ........ ਤੋਂ ਭਾਵ ਹੈ ਇੰਟਰਨੈੱਟ ਉੱਤੇ ਆਪਣੇ ਮਨਪਸੰਦ ਵਿਸ਼ੇ ਨੂੰ ਲੱਭਦੇ ਹੋਏ ਇੱਕ ਵੈੱਬ ਪੇਜ਼ ਤੇ ਜਾਂ ਇੱਕ ਵੈੱਬ ਸਾਈਟ ਤੋਂ ਦੂਜੀ ਵੈਬ ਸਾਈਟ ਤੇ ਜਾਣਾ।

ੳ) ਵੈੱਬ ਸਰਚਿੰਗ    ਅ) ਡਾਊਨਲੋਡਿੰਗ

ੲ) ਵੈੱਬ ਸਰਫਿੰਗ    ਸ) ਉਪਰੋਕਤ ਸਾਰੇ

5) ........ ਇਲੈਕਟ੍ਰਾਨਿਕ ਕਮਰਸ ਜਾਂ ਵਪਾਰ ਕਰਨ ਦਾ ਇੱਕ ਤਰੀਕਾ ਹੈ ਜੋ ਕਿ ਯੂਜ਼ਰ ਨੂਇੰਟਰਨੈੱਟ ਤੇ ਵੈੱਬ ਬ੍ਰਾਊਜ਼ਰ ਦੀ ਵਰਤੋਂ ਕਰਦੇ ਹੋਏ ਚੀਜਾਂ ਜਾਂ ਸੇਵਾਵਾਂ ਖਰੀਦਣ ਦੀ ਸੁਵਿਧਾ ਪ੍ਰਦਾਨ ਕਰਦਾ ਹੈ।

ੳ) ਨੈੱਟ ਬੈਕਿੰਗ    ਅ) ਈ-ਮੇਲ

ੲ) ਆਨਲਾਈਨ ਸ਼ਾਪਿੰਗ    ਸ) ਮੋਬਾਈਲ

### ਉੱਤਰ

1) ਡਾਊਨ ਲੋਡਿੰਗ    2) ਹੋਮ ਪੇਜ

3) ਆਨਲਾਈਨ    4) ਵੈੱਬ ਸਰਫਿੰਗ

5) ਆਨਲਾਈਨ ਸ਼ਾਪਿੰਗ

## ਸਹੀ ਗਲਤ ਦੱਸੋ

1) ਕਿਸੇ ਵੀ ਬੋਰਡ ਜਾਂ ਯੂਨੀਵਰਸਿਟੀ ਦਾ ਰਿਜਲਟ ਆਨਲਾਈਨ ਦੇਖਿਆ ਜਾ ਸਕਦਾ ਹੈ।

2) ਆਫਲਾਈਨ ਦਾ ਅਰਥ ਹੈ, ਇੰਟਰਨੈੱਟ ਨਾਲ ਜੁੜੇ ਹੋਣਾ।।

3) ਵੈੱਬ ਸਾਈਟ ਵਿੱਚ ਇੱਕ ਹੀ ਵੈੱਬ-ਪੇਜ ਹੁੰਦਾ ਹੈ।

4) ਵੈੱਬ ਸਰਚ ਵੈੱਬ ਪੇਜਾਂ ਨੂੰ ਲੱਭਣ ਦੀ ਇੱਕ ਪ੍ਰਕਿਰਿਆ ਹੈ।

5) ਹਰ ਵੈੱਬ ਸਾਈਟ ਦਾ ਆਪਣਾ ਇੱਕ ਵਿਲੱਖਣ ਵੈੱਬ ਐਡਰੈਸ ਹੁੰਦਾ ਹੈ।

### ਉੱਤਰ

1) ਸਹੀ    2) ਗਲਤ

3) ਗਲਤ    4) ਸਹੀ

5) ਸਹੀ

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

1) ) ਇਨਫਾਰਮੇਸ਼ਨ ਟੈਕਨਾਲੋਜੀ (ਸੂਚਨਾ ਤਕਨੀਕ) ਕੀ ਹੈ?

ਇਸ ਵਿੱਚ ਵੱਖ ਵੱਖ ਪ੍ਰਕਾਰ ਦੇ ਖੇਤਰਾਂ ਬਾਰੇ ਜਾਣਕਾਰੀ ਨੂੰ ਸਾਂਭਣ ਬਦਲਣ ਅਤੇ ਵਰਤਣ ਵਾਲੀ ਸਾਰੀ ਟੈਕਨਾਲੋਜੀ ਹੁੰਦੀ ਹੈ।ਇਹ ਇੱਕ ਸੁਵਿਧਾਜਨਕ ਖੇਤਰ ਹੈ।

2) ਵੈਬ ਸਾਈਟ ਕੀ ਹੈ?

ਇੱਕ ਤੋਂ ਵੱਧ ਵੈਬ ਪੇਜਾਂ ਦੇ ਸਮੂਹ ਨੂੰ ਵੈਬ ਸਾਈਟ ਕਿਹਾ ਜਾਂਦਾ ਹੈ ਜਿਸ ਨੂੰ ਇੱਕ ਡੋਮੇਨ ਨੇਮ ਦਿੱਤਾ ਜਾਂਦ ਹੈ।

3) ਸਰਚਿੰਗ ਕੀ ਹੁੰਦੀ ਹੈ?

ਸਰਚਿੰਗ ਦਾ ਅਰਥ ਹੈ ਕੁਝ ਲੱਭਣਾਂ ਇਸ ਕੰਮ ਲਈ ਸਰਚ ਇੰਜਣ ਦੀ ਵਰਤੋਂ ਕੀਤੀ ਜਾਂਦੀ ਹੈ। ਜੋ ਕਿ ਬਹੁਤ ਸ਼ਕਤੀਸ਼ਾਲੀ ਪ੍ਰੋਗਰਾਮ ਹੁੰਦਾ ਹੈ। ਜਦੋਂ ਅਸੀ ਕਿਸੇ ਜਾਣਕਾਰੀ ਲੱਭਣ ਲਈ ਸਰਚ ਇੰਜਣ ਵਿੱਚ ਭਰਦੇ ਹਾਂ ਤਾਂ ਇਹ ਸਾਨੂੰ ਉਸ ਨਾਲ ਸਬੰਦਧਤ ਪੇਜਾਂ ਦੇ ਹਾਈਪਰਲਿੰਕ ਦੀ ਇੱਕ ਸੂਚੀ ਦਿਖਾਉਂਦਾ ਹੈ ਜਿਸ ਤੋਂ ਅਸੀ ਇਹ ਫੈਸਲਾ ਲੈਂਦੇ ਹਾਂ ਕਿ ਅਸੀ ਕਿਸ ਪੇਜ ਨੂੰ ਖੋਲਣਾ ਹੈ।

4) ਆਨਲਾਈਨ ਅਤੇ ਆਫਲਾਈਨ ਵਿੱਚ ਕੀ ਫਰਕ ਹੈ?

ਕੰਪਿਊਟਰ ਵਿੱਚ ਆਫਲਾਈਨ ਤੇ ਆਨਲਾਈਨ ਵਿੱਚ ਵੱਖ ਵਖ ਅੰਤਰ ਹੁੰਦਾ ਹੈ।
ਆਨਲਾਈਲ ਤੋਂ ਭਾਵ ਹੈ ਇੰਟਰਨੈੱਟ ਨਾਲ ਜੁੜੇ ਹੋਣਾ।
ਆਫਲਾਈਲ ਤੋਂ ਭਾਵ ਹੈ ਇੰਟਰਨੈੱਟ ਨਾਲ ਨਾ ਜੁੜੇ ਹੋਣਾ।
ਆਨਲਾਈਲ ਤੋਂ ਭਾਵ ਹੈ ਉਹਨਾਂ ਫਾਈਲਾਂ ਨਾਲ ਕੰਮ ਕਰਨਾ ਜੋ ਬਾਹਰੀ ਸਰਵਰ ਤੇ ਹੁੰਦੀਆਂ ਹਨ।
ਆਫਲਾਈਲ ਤੋਂ ਭਾਵ ਹੈ ਉਹਨਾਂ ਫਾਈਲਾਂ ਨਾਲ ਕੰਮ ਕਰਨਾ ਜੋ ਸਾਡੇ ਕੰਪਿਊਟਰ ਦੇ ਅੰਦਰ ਹਨ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

1) ਇਨਫਾਰਮੇਸ਼ਨ ਟੈਕਨਾਲੋਜੀ ਦੀ ਜਰੂਰਤ ਦੀ ਵਿਆਖਿਆ ਕਰੋ।

ਆਮ ਜਿੰਦਗੀ ਵਿੱਚ ਅਸੀਂ ਦੇਖਦੇ ਹਾਂ ਕਿ ਸਾਰੇ ਬਿੱਲ ਸਰਕਾਰੀ ,ਵੱਡੀਆਂ ਸੰਸਥਾਂਵਾਂ ਦੇ ਭੁਗਤਾਨ ਅਤੇ ਬੈਕਾਂ ਦੇ ਏ ਟੀ ਐਮ ਦੀਆਂ ਸੁਵਿਧਾਂਵਾਂ ਕੰਪਿਊਟਰ ਰਾਹੀਂ ਦਿੰਦੇ। ਇਹ ਤਾਂ ਹੀ ਸੰਭਵ ਹੈ ਜੇ ਕੰਪਿਊਟਰ ਦੀ ਸਹੀ ਵਰਤੋਂ ਹੋਵੇ। ਇਨਫਾਰਮੇਸ਼ਨ ਟੈਕਨਾਲੋਜੀ ਦੀ ਵਰਤੋਂ ਕਈ ਕੰਮਾਂ ਵਿੱਚ ਕੀਤੀ ਜਾਂਦੀ ਹੈ।

1) ਵਪਾਰ ਤੇ ਉਦਯੋਗ ਲਈ : ਇਸ ਦੀ ਵਰਤੋਂ ਆਫਿਸ ਆਟੋਮੇਸ਼ਨ ਦੇ ਖੇਤਰ ਵਿੱਚ ਰੋਜਾਨਾ ਦੇ ਕੰਮ ਕਰਾਉਣ ਲਈ ਅਤੇ ਵਧੀਆ ਉਤਪਾਦਨ ਕਰਾਉਣ ਲਈ ਕੀਤੀ ਜਾਂਦੀ ਹੈ।

2) ਮੈਨੇਜਮੈਂਟ ਇਨਫਾਰਮੇਸ਼ਨ ਸਿਸਟਮ : ਇਨਫਾਰਮੇਸ਼ਨ ਟੈਕਨਾਲੋਜੀ ਪ੍ਰਬੰਧਕਾਂ ਲਈ ਫੈਸਲਾ ਲੈਣ ਵਿੱਚ ਮੱਦਦ ਕਰਦੀ ਹੈ

3) ਘਰਾਂ ਵਿੱਚ : ਘਰਾਂ ਵਿੱਚ ਇਸ ਦੀ ਵਰਤੋਂ ਕਈ ਕੰਮਾਂ ਵਿੱਚ ਕੀਤੀ ਜਾਂਦੀ ਹੈ।

ਸੰਚਾਰ : ਪਹਿਲਾਂ ਚਿੱਠੀਆਂ ਲਿਖੀਆਂ ਜਾਂਦੀਆਂ ਸਨ ਹੁਣ ਈ ਮੇਲ ਕੀਤੀ ਜਾਂਦੀ ਹੈ।

ਸਿੱਖਿਆ : ਗਿਆਨ ਵਿਗਿਆਨ ਦੀ ਪੜਾਈ ਲਈ ਕਾਫੀ ਵਿਦਿਆਰਥੀ ਇੰਟਰਨੈਟ ਤੋਂ ਕਈ ਪ੍ਰਕਾਰ ਦੇ ਸਾਫਟਵੇਅਰ ਵਰਤਦੇ ਹਨ।

ਮਨੋਰੰਜਨ : ਘਰ ਵਿੱਚ ਕੰਪਿਊਟਰ ਅਤੇ ਇੰਟਰਨੈਟ ਨੇ ਪੁਰਾਣੇ ਮਨੋਰੰਜਨ ਦੇ ਸਾਧਨਾਂ ਦੀ ਥਾਂ ਲੈ ਲਈ ਹੈ। ਰਵਾਇਤੀ ਚੀਜਾਂ ਦੀ ਥਾਂ ਆਡੀਓ ਵੀਡੀਓ ਸੀਡੀਜ ਨੇ ਲੈ ਲਈ ਹੈ।

4) ਸਿਖਲਾਈ ਲਈ : ਸਕੂਲਾਂ ਵਿੱਚ ਇਨਫਾਰਮੇਸ਼ਨ ਟੈਕਨਾਲੋਜੀ ਦੀ ਵਰਤੋਂ ਨੇ ਸੌਖੇ ਢੰਗ ਨਾਲ ਗਿਆਨ ਹਾਸਲ ਕਰਨ ਲਈ ਕੀਤੀ ਜਾਂਦੀ ਹੈ। ਗਿਆਨ ਪ੍ਰਾਪਤੀ ਲਈ ਆਡੀਓ ਵੀਡੀਓ ਮਲਟੀ ਮੀਡੀਆ ਪ੍ਰੇਜੈਂਟੇਸ਼ਨ ਸਮੱਗਰੀ ਬਹੁਤ ਮੱਦਦ ਕਰ ਰਹੀ ਹੈ।

2) ਆਨ ਲਾਈਲ ਰਿਜਲਟ ਦੇਖਣ ਦੇ ਸਟੈਪ ਦੱਸੋ

ਆਨ ਲਾਈਲ ਰਿਜਲਟ ਦੇਖਣ ਦੇ ਸਟੈਪ

1) ਵੈਬ ਬ੍ਰਾਊਜਰ ਖੋਲਦੇ ਹਾਂ।
2) ਉਸ ਵਿੱਚ ਪੰਜਾਬ ਸਕੂਲ ਸਿੱਖਿਅ ਬੋਰਡ ਦੀ ਵੈਬ ਸਾਈਟ www.pseb.ac.in ਭਰ ਕੇ ਇੰਟਰ ਦਬਾਉਂਦੇ ਹਾਂ।
3) ਰਿਜਲਟ ਆਪਸ਼ਨ ਤੇ ਕਲਿੱਕ ਕਰਦੇ ਹਾਂ।
4) Matriculation Examination Result ਤੇ ਕਲਿੰਕ ਕਰਦੇ ਹਾਂ।
5) ਆਪਣਾ ਰੋਲ ਨੰਬਰ ਭਰਦੇ ਹਾਂ।
6) Find Result ਤੇ ਕਲਿੱਕ ਕਰਦੇ ਹਾਂ।

ਸਾਡਾ ਰਿਜਲਟ ਸਕਰੀਨ ਤੇ ਆ ਜਾਂਦਾ ਹੈ।

3) ਮੋਬਾਈਲ ਟੈਕਨਾਲੋਜੀ ਉੱਪਰ ਨੋਟ ਲਿਖੋ।

ਮੋਬਾਈਲ ਟੈਕਨਾਲੋਜੀ ਨੇ ਸੰਸਾਰ ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਸੰਸਾਰ ਦਾ ਚਿਹਰਾ ਪੂਰੀ ਤਰਾਂ ਬਦਲ ਦਿੱਤਾ ਹੈ ਅੱਜ ਕੱਲ ਲਗਭਗ ਹਰ ਇੱਕ ਕੋਲ ਮੋਬਾਇਲ ਫੋਨ ਹੈ ਇਸ ਦੀ ਫਲਸਰੂਪ ਸਭ ਕੰਪਨੀਆਂ ਨੇ ਦੁਨੀਆ ਵਿੱਚ ਵਧਦੇ ਕੰਪੀਟੀਸ਼ਨ ਨੂੰ ਦੇਖਦੇ ਹੋਏ ਮੋਬਾਈਲ ਟੇਕਨਾਲੋਜੀ ਦੀ ਲੋੜ ਮਹਿਸੂਸ ਕੀਤੀ ਹੈ। ਇਸ ਦੇ ਵਰਤੋਂ ਦੇ ਖੇਤਰ ਹਨ

1) ਸਿੱਖਿਆ
2) ਨਿਰੀਖਨਣ ਅਤੇ ਪੋਲਿੰਗ
3) ਬੈਂਕਿੰਗ
4) ਡਾਟਾ ਅਨੈਲਿਸਿਜ

4) ਆਨਲਾਈਨ ਸ਼ਾਪਿੰਗ ਦੀ ਵਿਆਖਿਆ ਕਰੋ।

ਇਹ ਈ-ਕਾਮਰਸ ਜਾਂ ਆਨਲਾਈਨ ਵਪਾਰ ਦਾ ਤਰੀਕਾ ਹੈ ਇਸ ਵਿੱਚ ਉਪਭੋਗਤਾ ਇੰਟਰਨੈੱਟ ਦੀ ਵਰਤੋਂ ਕਰਦੇ ਹੋਏ ਚੀਜਾਂ ਦੀ ਖਰੀਦਾਰੀ ਕਰਦਾ ਹੈ ਜੇਕਰ ਦੁਕਾਨਦਾਰ ਨੇ ਆਪਣੀਆਂ ਚੀਜਾਂ ਆਪਨੀਨ ਵਿਕਰੀ ਲਈ ਉਪਲਬਧ ਕਰਵਾਈਆਂ ਹਨ ਤਾਂ ਅਸੀ ਉਹਨਾਂ ਨੂੰ ਘਰ ਬੈਠੇ ਹੀ ਖਰੀਦ ਕੇ ਆਨਲਾਈਨ ਬਿਲ ਦੀ ਅਦਾਇਗੀ ਕਰ ਸਕਦੇ ਹਾਂ। ਇਸ ਦੀ ਸ਼ੁਰੂਆਤ ਅਸੀਂ ਆਪਣੇ ਘਰ ਤੋਂ ਹੀ ਕਰਦੇ ਹਾਂ ਅਤੇ ਚੀਜਾਂ ਸਾਡੇ ਘਰ ਪਹੁੰਚ ਜਾਂਦੀਆਂ ਹਨ। ਇਸ ਨਾਲ ਸਾਡਾ ਬਾਜਾਰ ਜਾਣ ਦਾ ਸਮਾਂ ਬਚ ਜਾਂਦਾ ਹੈ।

1) ਨੈੱਟ ਬੈਕਿੰਗ ਕੀ ਹੈ? ਵਿਆਖਿਆ ਕਰੋ।

ਨੈਟ ਬੈਂਕਿੰਗ ਤੋਂ ਭਾਵ ਹੈ ਯੂਜ਼ਰ ਦਾ ਆਪਣੇ ਅਕਾਊਂਟ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਅਤੇ ਬਿੱਨਾਂ ਆਦਿ ਦੀ ਅਦਾਇਗੀ ਘਰ ਬੈਠੇ ਹੀ ਇੱਟਰਨੈੱਟ ਰਾਹੀਂ ਕਰਨਾ। ਇਸ ਨੂੰ ਆਨਲਾਈਨ ਬੈਕਿੰਗ ਵੀ ਕਿਹਾ ਜਾਂਦ ਹੈ।ਇਸ ਵਿੱਚ ਬੈਂਕ ਨਾਲ ਵੱਖ ਵੱਖ ਗਤੀਵਿਧੀਆਂ ਕਰਨ ਲਈ ਇੱਟਰਨੈੱਟ ਦੀ ਵਰਤੋਂ ਕੀਤੀ ਜਾਂਦੀ ਹੈ।ਜਿਵੇਂ ਪੈਸਾ ਟ੍ਰਾਂਸਫਰ ਕਰਨਾ, ਬਿੱਨਾਂ ਦੀ ਅਦਾਇਗੀ ਕਰਨਾਂ ਅਤੇ ਅਕਾਊਂਟ ਦਾ ਬੈਲੈਂਸ ਚੈਕ ਕਰਨਾਇਸ ਨੂੰ ਵਰਚੂਅਲ, ਸਾਈਬਰ ਜਾਂ ਵੈਬ ਬੈਂਕ ਵਿ ਕਿਹਾ ਜਾਂਦ ਹੈ। ਐਸ ਬੀ ਆਈ ਦੀ ਲਾਗਇਨ ਸਕਰੀਨ

